**GURMAT STUDY**
Using Technology, To Spread the message of Sikhism
Gurmat | Education | Youth | Community Development & Welfare
**Website:** www.GurmatStudy.com **E-mail :** gurmatstudy@gmail.com

# ਪਹਿਲੇ ਪੰਗਤ ਪਾਛੈ ਸੰਗਤ

ਗੁਰਮਤਿ ਅਨੁਸਾਰ ਸੱਭ ਮਨੁੱਖ ਪ੍ਰਭੂ-ਪਿਤਾ ਦੀ ਅੰਸ਼ ਹੋਣ ਕਾਰਣ ਆਪਸ ਵਿੱਚ ਭਾਈ-ਭਾਈ ਅਤੇ ਬਰਾਬਰ ਹਨ । ਜਨਮ ਜਾਂ ਜ਼ਾਤ ਦੇ ਆਧਾਰ 'ਤੇ ਮਨੁੱਖਾਂ ਨਾਲ ਵਿਤਕਰੇ ਕਰਨਾ ਅਯੋਗ ਹੈ । ਨੇਕ ਜਾਂ ਉੱਤਮ ਕੰਮ ਕਰਨ ਵਾਲਾ ਇਨਸਾਨ ਹੀ ਉੱਚੀ ਜ਼ਾਤ ਵਾਲਾ ਹੈ ਅਤੇ ਮਾੜੇ ਜਾਂ ਬੁਰੇ ਕੰਮ ਕਰਨ ਵਾਲਾ ਹੀ ਨੀਵੀਂ ਜ਼ਾਤ ਵਾਲਾ ਹੈ । ਇਹੀ ਗੁਰਮਤਿ ਦਾ ਸਿਧਾਂਤ ਹੈ ।

ਇਸ ਜ਼ਾਤ-ਪਾਤ ਦੇ ਭੈੜੇ ਵਿਤਕਰੇ ਨੂੰ ਸਿੱਖ ਧਰਮ ਨੇ ਖ਼ਤਮ ਕੀਤਾ । ਗੁਰੂ ਨਾਨਕ ਸਾਹਿਬ ਜੀ ਅਤੇ ਬਾਕੀ ਨੌਂ ਪਾਤਸ਼ਾਹੀਆਂ ਨੇ ਇਸ ਵਿਤਕਰੇ ਨੂੰ ਮਿਟਾਉਣ ਲਈ ਧਰਮਸ਼ਾਲਾਵਾਂ ਅਤੇ ਸੰਗਤਾਂ ਕਾਇਮ ਕਰਕੇ ਕੀਰਤਨ ਕਰਨ ਅਤੇ ਮਿਲ ਬੈਠ ਕੇ ਲੰਗਰ ਛੱਕਣ ਅਤੇ ਛਕਾਉਣ ਲਈ ਹੁਕਮ ਕੀਤਾ । ਗੁਰੂ ਸਾਹਿਬਾਨ ਨੇ ਜ਼ਾਤ-ਪਾਤ ਅਤੇ ਊਚ-ਨੀਚ ਦੇ ਵਿਤਕਰੇ ਨੂੰ ਖ਼ਤਮ ਕਰਨ ਲਈ ਅਮਲੀ ਕਦਮ ਚੁੱਕੇ । ਉਹਨਾਂ ਨੇ ਸੰਗਤ ਅਤੇ ਪੰਗਤ ਦਾ ਸਿਧਾਂਤ ਦੇ ਕੇ ਸਮਾਜ ਵਿੱਚ ਇਨਕਲਾਬ ਲਿਆਂਦਾ ਅਤੇ ਭਾਈਚਾਰੇ ਦੀ ਨੀਂਹ ਨੂੰ ਮਜ਼ਬੂਤ ਕਰਨ ਵਿੱਚ ਆਪਣਾ ਯੋਗਦਾਨ ਪਾਇਆ ।

ਸੰਗਤ : ਮਨੁੱਖੀ ਜੀਵਨ ਦੀ ਉਸਾਰੀ ਵਿੱਚ ਸੰਗਤ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ । ਦੂਜਿਆਂ ਦੀ ਸੰਗਤ ਤੋਂ ਇਨਸਾਨ ਬਹੁਤ ਕੁਝ ਸਿਖਦਾ ਹੈ । ਚੰਗੇ ਵਿਚਾਰ, ਚੰਗੀ ਸੰਗਤ ਨਾਲ ਹੀ ਬਣਦੇ ਹਨ । ਇਸੇ ਤਰ੍ਹਾਂ ਹੀ ਲੋਕਾਂ ਵਿੱਚ ਜੋ ਵਖਰੇਵਾਂ ਦਿਖਾਈ ਦੇ ਰਿਹਾ ਸੀ, ਉਸ ਨੂੰ ਗੁਰੂ ਸਾਹਿਬਾਨ ਨੇ ਦੂਰ ਕਰਕੇ ਲੋਕਾਂ ਵਿੱਚ ਆਪਸੀ ਪਿਆਰ ਤੇ ਭਾਈਚਾਰੇ ਦੀ ਨੀਂਹ ਨੂੰ ਪੱਕਾ ਕੀਤਾ । ਸੰਗਤ ਵਿੱਚ ਇਕੱਠੇ ਬੈਠ ਕੇ ਲੋਕ ਪ੍ਰਭੂ ਦੀ ਆਰਾਧਨਾ ਕਰਦੇ ਅਤੇ ਗੁਰੂ ਸਾਹਿਬਾਨ ਦੇ ਉਪਦੇਸ਼ ਸੁਣਦੇ, ਇਸ ਨਾਲ ਲੋਕਾਂ ਦੇ ਮਨਾਂ ਵਿੱਚੋਂ ਨਫ਼ਰਤ ਖ਼ਤਮ ਹੋਈ ਤੇ ਆਪਸ ਵਿੱਚ ਪਿਆਰ ਵਧਿਆ ਅਤੇ ਜ਼ਾਤ-ਪਾਤ ਦਾ ਹੰਕਾਰ ਘੱਟ ਹੋਇਆ । ਇਸੇ ਕਰਕੇ ਹੀ ਸਿੱਖ ਧਰਮ ਨੇ ਸੰਗਤ ਦਾ ਨਵੀਨ ਅਤੇ ਬਹੁਤ ਹੀ ਸੋਹਣਾ ਸਿਧਾਂਤ ਇਸ ਜਗਤ ਨੂੰ ਦਿੱਤਾ ।

ਪੰਗਤ : ਸੰਗਤ ਵਿੱਚ ਬੈਠ ਕੇ ਜਿੱਥੇ ਸੱਚੇ ਗੁਰੂ ਦੇ ਗਿਆਨ ਨਾਲ ਮਨ ਨੂੰ ਹਰਾ-ਭਰਾ ਕਰਨਾ ਹੈ, ਉੱਥੇ ਨਾਲ ਹੀ ਪੰਗਤ ਵਿੱਚ ਬੈਠ ਕੇ ਪ੍ਰਸ਼ਾਦ ਛੱਕਣਾ ਹੈ ਤਾਂ ਕਿ ਸਾਰੇ ਲੋਕ ਇੱਕ-ਦੂਸਰੇ ਨੂੰ ਆਪਣੇ ਪਰਿਵਾਰ ਦੇ ਹੀ ਮੈਂਬਰ ਸਮਝਣ । ਲੰਗਰ ਬਣਾਉਣ ਅਤੇ ਵਰਤਾਉਣ ਵੇਲੇ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ । ਕੋਈ ਵੀ ਆਦਮੀ ਜਾਂ ਔਰਤ ਲੰਗਰ ਬਣਾ ਅਤੇ ਵਰਤਾ ਸਕਦੇ ਹਨ । ਇਸ ਤਰ੍ਹਾਂ ਸਿੱਖ ਧਰਮ ਦੇ ਇਸ ਸੰਗਤ ਅਤੇ ਪੰਗਤ ਦੇ ਸਿੱਧਾਂਤ ਨੇ ਸਦੀਆਂ ਤੋਂ ਮਨੁੱਖਤਾ ਵਿੱਚ ਪਏ ਹੋਏ ਭੇਦ-ਭਾਵ ਨੂੰ ਖ਼ਤਮ ਕੀਤਾ ।

ਸਿੱਖ ਇਤਿਹਾਸ ਵਿੱਚ ਅਜਿਹੀਆਂ ਗਵਾਹੀਆਂ ਆਮ ਵੇਖਣ ਵਿੱਚ ਆਉਂਦੀਆਂ ਹਨ ਕਿ ਜਦੋਂ ਗੁਰੂ ਨਾਨਕ ਸਾਹਿਬ ਜੀ ਨੇ ਲੰਗਰ ਸ਼ੁਰੂ ਕਰਕੇ ਇੱਕੋ ਹੀ ਪੰਗਤ ਵਿੱਚ ਬੈਠ ਕੇ ਛੱਕਣ ਦਾ ਹੁਕਮ ਕੀਤਾ ਸੀ । ਬਾਅਦ ਵਿੱਚ ਵੀ ਗੁਰੂ ਸਾਹਿਬਾਨਾਂ ਨੇ ਵੀ ਇਸ ਮਰਿਯਾਦਾ ਨੂੰ ਅੱਗੇ ਤੋਰਨ ਵਿੱਚ ਆਪਣਾ ਭਰਪੂਰ ਯੋਗਦਾਨ ਪਾਇਆ । ਤੀਜੇ ਪਾਤਸ਼ਾਹ ਗੁਰੂ ਅਮਰਦਾਸ ਸਾਹਿਬ ਜੀ ਨੇ ਵੀ ਇਹੀ ਮਰਿਯਾਦਾ ਜਾਰੀ ਰੱਖੀ, ਪਰ ਸਦੀਆਂ ਪੁਰਾਣਾ ਜ਼ਾਤ-ਪਾਤ ਦਾ ਵਿਤਕਰਾ ਇੰਨੀ ਛੇਤੀ ਦੂਰ ਨਹੀਂ ਹੋ ਸਕਦਾ ਸੀ । ਗੁਰੂ ਅਮਰਦਾਸ ਸਾਹਿਬ ਜੀ ਨੇ ਦੇਖਿਆ ਕਿ ਕਈ ਲੋਕ ਸੰਗਤ ਵਿੱਚ ਬੈਠ ਕੇ ਉਪਦੇਸ਼ ਤਾਂ ਸੁਣ ਲੈਂਦੇ ਹਨ, ਪਰ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਨਹੀਂ ਛਕਦੇ । ਇਸ ਗੱਲ ਵੱਲ ਗੁਰੂ ਸਾਹਿਬ ਜੀ ਨੇ ਖ਼ਾਸ ਧਿਆਨ ਦਿੱਤਾ ਅਤੇ ਇਹ ਹੁਕਮ ਕਰੜਾਈ ਨਾਲ ਲਾਗੂ ਕੀਤਾ ਕਿ ਹੁਣ ਤੋਂ ਬਾਅਦ ਗੁਰ ਉਪਦੇਸ਼ ਜਾਂ ਸੰਗਤ ਵਿੱਚ ਗੁਰੂ ਕੋਲ ਆਉਣ ਦਾ ਹੱਕਦਾਰ ਓਹੀ ਹੋਵੇਗਾ, ਜਿਹੜਾ ਪਹਿਲਾਂ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕੇਗਾ । ਇਹ ਪੰਗਤ ਅਤੇ ਸੰਗਤ ਦਾ ਸਿਧਾਂਤ ਹਰ ਇਕ ਉੱਪਰ ਲਾਗੂ ਹੋਵੇਗਾ, ਭਾਵੇਂ ਉਹ ਮਹਾਰਾਜਾ ਹੋਵੇ ਜਾਂ ਗ਼ਰੀਬ ਆਦਮੀ । ਗੁਰੂ ਸਾਹਿਬ ਜੀ ਨੇ ਆਪਣਾ ਇਹ ਹੁਕਮ ਲਿਖ ਕੇ ਲਗਵਾ ਦਿੱਤਾ ਕਿ

"ਪਹਿਲੇ ਪੰਗਤ ਪਾਛੈ ਸੰਗਤਿ"

ਹਿੰਦੁਸਤਾਨ ਦਾ ਬਾਦਸ਼ਾਹ ਅਕਬਰ ਵੀ ਜਦੋਂ ਗੁਰੂ ਅਮਰਦਾਸ ਪਾਤਸ਼ਾਹ ਜੀ ਦੇ ਦਰਸ਼ਨਾਂ ਲਈ ਆਇਆ ਸੀ ਤਾਂ ਉਸ ਨੇ ਵੀ ਇਸ ਹੁਕਮ ਨੂੰ ਮੰਨਿਆ ਸੀ । ਬਾਦਸ਼ਾਹ ਅਕਬਰ ਗੁਰੂ ਘਰ ਦੀ ਸ਼ੋਭਾ ਪਹਿਲਾਂ ਵੀ ਸੁਣ ਚੁੱਕਾ ਸੀ । ਕਿਉਂਕਿ ਕਈ ਉੱਚ ਜ਼ਾਤੀਏ ਬ੍ਰਾਹਮਣ, ਖੱਤ੍ਰੀ ਤੇ ਹੋਰ ਕਈ ਲੋਕ, ਜੋ ਕਿ ਸਿੱਖ ਧਰਮ ਦੀ ਚੜ੍ਹਦੀ ਕਲਾ ਤੋਂ ਦੁਖੀ ਸਨ, ਉਹਨਾਂ ਨੇ ਅਕਬਰ ਕੋਲ ਸ਼ਿਕਾਇਤ ਕੀਤੀ ਸੀ ਕਿ ਗੁਰੂ ਸਾਹਿਬ ਜੀ ਹਿੰਦੂ ਅਤੇ ਮੁਸਲਮਾਨ ਮੱਤਾਂ ਦੇ ਖ਼ਿਲਾਫ਼ ਹਨ । ਸਾਡੀ ਪੂਜਾ ਮਾਨਤਾ ਹੋਣੀ ਬੰਦ ਹੋ ਗਈ ਹੈ । ਪਰ ਜਦੋਂ ਅਕਬਰ ਬਾਦਸ਼ਾਹ ਨੇ (ਗੁਰੂ) ਰਾਮਦਾਸ ਸਾਹਿਬ ਜੀ ਕੋਲੋਂ ਸਿੱਖ ਧਰਮ ਦੇ ਮਾਨਵਵਾਦੀ ਅਤੇ ਸਰਬ-ਸਾਂਝੇ ਸਿਧਾਂਤਾਂ ਬਾਰੇ ਸੁਣਿਆ ਤਾਂ ਉਸ ਦੀ ਤਸੱਲੀ ਹੋ ਗਈ । ਇਸ ਤੋਂ ਪ੍ਰਭਾਵਿਤ ਹੋ ਕੇ ਹੀ ਅਕਬਰ ਬਾਦਸ਼ਾਹ, ਗੁਰੂ ਪਾਤਸ਼ਾਹ ਜੀ ਦੇ ਦਰਸ਼ਨਾਂ ਲਈ ਗੋਇੰਦਵਾਲ ਸਾਹਿਬ ਆਇਆ । ਉਸ ਦੇ ਦਰਬਾਰੀ ਤੇ ਹੋਰ ਕਈ ਕਰਮਚਾਰੀ ਵੀ ਨਾਲ ਸਨ । ਗੋਇੰਦਵਾਲ ਸ਼ਹਿਰ ਦੇ ਬਾਹਰ ਪਹੁੰਚ ਕੇ ਉਹ ਆਪਣੀ ਸਵਾਰੀ ਤੋਂ ਉਤਰ ਕੇ ਨੰਗੇ ਪੈਰੀਂ ਚੱਲਣ ਲੱਗ ਪਿਆ । ਜਦੋਂ ਉਸ ਦੇ ਦਰਬਾਰੀ ਉਸ ਦੇ ਚੱਲਣ ਲਈ ਰੇਸ਼ਮੀ ਕੱਪੜਾ (ਪਾਂਵਟਾ) ਵਿਛਾਉਣ ਲੱਗੇ ਤਾਂ ਬਾਦਸ਼ਾਹ ਅਕਬਰ ਨੇ ਕਿਹਾ, "ਜਦੋਂ ਅੱਲ੍ਹਾ ਦੇ ਪਿਆਰੇ, ਉੱਚੇ ਤੇ ਮਹਾਨ ਧਰਮੀ ਪੁਰਸ਼ ਜਾਂ ਮੁਰਸ਼ਦ (ਗੁਰੂ) ਦੀ ਸੰਗਤ ਵਿੱਚ ਜਾਣਾ ਹੋਵੇ ਤਾਂ ਹਮੇਸ਼ਾਂ ਨਿਮਰਤਾ ਪੂਰਵਕ ਹੀ ਜਾਣਾ ਚਾਹੀਦਾ ਹੈ । ਮਨ ਵਿੱਚ ਆਪਣੇ ਉੱਚੇ ਅਹੁਦੇ ਦਾ ਕੋਈ ਹੰਕਾਰ ਨਹੀਂ ਹੋਣਾ ਚਾਹੀਦਾ ।"

ਜਦੋਂ ਅਕਬਰ ਬਾਦਸ਼ਾਹ ਗੁਰੂ ਘਰ ਪਹੁੰਚਿਆ ਤਾਂ ਉਸ ਨੇ ਵੀ "ਪਹਿਲੇ ਪੰਗਤ ਪਾਛੈ ਸੰਗਤਿ" ਦੇ ਸਿਧਾਂਤ ਤੇ ਹੁਕਮ ਨੂੰ ਮੰਨਿਆ । ਬਾਦਸ਼ਾਹ ਅਕਬਰ ਨੇ ਵੀ ਪੰਗਤ ਵਿੱਚ ਜ਼ਮੀਨ ਉੱਪਰ ਬੈਠ ਕੇ ਆਮ ਲੋਕਾਂ

ਨਾਲ ਮਿਲ ਕੇ ਲੰਗਰ ਛਕਿਆ । ਜਦ ਉਸ ਦੇ ਦਰਬਾਰੀਆਂ ਨੇ ਇਸ ਗੱਲ ਦਾ ਇਤਰਾਜ਼ ਕੀਤਾ ਤਾਂ ਵੀ ਅਕਬਰ ਬਾਦਸ਼ਾਹ ਨੇ ਕੋਈ ਪਰਵਾਹ ਨਾ ਕੀਤੀ, ਸਗੋਂ ਕੇਵਲ ਗੁਰੂ ਹੁਕਮਾਂ ਦਾ ਪੂਰਨ ਸਤਿਕਾਰ ਕੀਤਾ ।

ਅੱਜ ਉਸ ਨੂੰ ਜੋ ਸੁਆਦ ਗੁਰੂ ਕਾ ਲੰਗਰ ਛਕ ਕੇ ਆਇਆ, ਅਜਿਹਾ ਸੁਆਦ ਉਸ ਨੂੰ ਭੋਜਨ ਵਿੱਚੋਂ ਪਹਿਲਾਂ ਕਦੇ ਵੀ ਨਹੀਂ ਸੀ ਆਇਆ । ਲੰਗਰ ਛੱਕਣ ਤੋਂ ਬਾਅਦ ਅਕਬਰ ਬਾਦਸ਼ਾਹ ਨੇ ਗੁਰੂ ਅਮਰਦਾਸ ਸਾਹਿਬ ਜੀ ਦੀ ਸੰਗਤ ਵਿੱਚ ਆ ਕੇ ਉਹਨਾਂ ਦੇ ਦਰਸ਼ਨ ਕੀਤੇ । ਗੁਰੂ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਬਾਦਸ਼ਾਹ ਅਕਬਰ ਨੇ ਸੀਸ ਝੁਕਾਇਆ ਅਤੇ ਗੁਰੂ ਸਾਹਿਬ ਜੀ ਨਾਲ ਕੁਝ ਵਿਚਾਰਾਂ ਵੀ ਸਾਂਝੀਆਂ ਕੀਤੀਆਂ ।

ਅਕਬਰ ਬਾਦਸ਼ਾਹ : ਪਾਤਸ਼ਾਹ ਜੀਓ ! ਆਪ ਜੀ ਦੇ ਚਿਹਰੇ 'ਤੇ ਇਹ ਇਤਨਾ ਨੂਰ ਕਿਵੇਂ ਹੈ ?

ਗੁਰੂ ਸਾਹਿਬ ਜੀ : ਇਹ ਸਭ ਅੱਲ੍ਹਾ ਦੀ ਯਾਦ ਦਾ ਮਿੱਠਾ ਫ਼ਲ ਹੈ ।

ਲੰਗਰ ਛਕਣ ਨਾਲ ਅਕਬਰ ਦੇ ਸਰੀਰ ਅਤੇ ਮਨ ਨੂੰ ਸ਼ਾਂਤੀ ਮਿਲੀ ।

ਅਕਬਰ ਬਾਦਸ਼ਾਹ : (ਗੁਰੂ ਪਾਤਸ਼ਾਹ ਨੂੰ ਬੇਨਤੀ ਕਰਦੇ ਹੋਏ) ਮੈਂ ਵੀ ਲੰਗਰ ਵਿੱਚ ਕੁਝ ਹਿੱਸਾ ਪਾਉਣਾ ਚਾਹੁੰਦਾ ਹਾਂ ।ਇਸ ਲਈ ਇਸ ਇਲਾਕੇ ਦੀ ਜਗੀਰ ਲੰਗਰ ਦੇ ਨਾਂ 'ਤੇ ਕਰਨਾ ਚਾਹੁੰਦਾ ਹਾਂ ।

ਗੁਰੂ ਸਾਹਿਬ ਜੀ : ਇਹ ਲੰਗਰ ਕੇਵਲ ਅਕਾਲ ਪੁਰਖ ਦੀ ਕਿਰਪਾ ਸਦਕਾ ਧਰਮ ਦੀ ਕਿਰਤ ਕਰਦੇ ਹੋਏ ਸਿੱਖਾਂ ਵੱਲੋਂ ਦਿੱਤੀ ਭੇਟਾ ਨਾਲ ਹੀ ਚਲਦਾ ਹੈ । ਇਹ ਲੰਗਰ ਬਾਦਸ਼ਾਹਾਂ ਵੱਲੋਂ ਦਿੱਤੀਆਂ ਜਗੀਰਾਂ ਨਾਲ ਨਹੀਂ ਚਲ ਸਕਦੇ । ਅਸਾਨੂੰ ਰੱਬ ਨੇ ਬਖ਼ਸ਼ਿਸ਼ ਕੀਤੀ ਹੈ, ਕਿਸੇ ਵੀ ਵਸਤੂ ਦੀ ਤੋਟ ਨਹੀਂ ਹੈ । ਜਗੀਰਾਂ ਕਰਕੇ ਇਨਸਾਨ ਵਿਹਲੜ ਹੋ ਜਾਂਦੇ ਹਨ । ਇਸ ਕਰਕੇ ਸਾਨੂੰ ਤੁਹਾਡੀ ਜਗੀਰ ਦੀ ਜ਼ਰੂਰਤ ਨਹੀਂ ਹੈ ।

ਅਕਬਰ ਨੇ ਬਹੁਤ ਜ਼ੋਰ ਲਾਇਆ ਪਰ ਗੁਰੂ ਸਾਹਿਬ ਜੀ ਨੇ ਜਗੀਰ ਪ੍ਰਵਾਨ ਨਹੀਂ ਕੀਤੀ ।

ਇਸ ਤਰ੍ਹਾਂ ਗੁਰਮਤਿ ਵਿੱਚ ਸੰਗਤ ਅਤੇ ਪੰਗਤ ਦਾ ਸਿੱਧਾਂਤ ਅਮਲੀ ਪੱਧਰ ਉੱਪਰ ਲਾਗੂ ਹੋ ਗਿਆ । ਸੰਗਤ ਅਤੇ ਪੰਗਤ ਸਮੇਂ ਕਿਸੇ ਨਾਲ ਵੀ, ਕਿਸੇ ਕਿਸਮ ਦਾ, ਕੋਈ ਵੀ ਵਿਤਕਰਾ ਨਹੀਂ ਕੀਤਾ ਜਾਂਦਾ । ਗੁਰੂ ਘਰ ਵਿੱਚ ਸੱਭ ਲਈ ਬਰਾਬਰ ਦਾ ਦਰਜਾ ਹੈ । ਹਰੇਕ ਨਾਲ ਪ੍ਰੇਮ-ਪਿਆਰ ਕਰਨਾ ਹੀ ਗੁਰਮਤਿ ਦੇ ਮੁੱਖ ਉਪਦੇਸ਼ ਅਤੇ ਸਿੱਧਾਂਤ ਹਨ ।